UC DAVIS HEALTH

# ਮੈਡੀਕਲ ਦੁਭਾਸ਼ੀਆ ਸੇਵਾ

I. ਸੈਟਿੰਗ

ਮੈਡੀਕਲ ਕੇਂਦਰ

II. ਉਦੇਸ਼

ਇਹ ਭਾਗ University of California, Davis Health (UC Davis Health) ਵਿਖੇ ਲਿਖਤੀ ਅਨੁਵਾਦ ਅਤੇ ਦੋਭਾਸ਼ੀ ਪ੍ਰਦਾਤਾ ਪ੍ਰਮਾਣੀਕਰਣ ਸੇਵਾਵਾਂ ਲਈ ਮੌਖਿਕ ਅਤੇ ਸੈਨਤ ਭਾਸ਼ਾ ਦੀਆਂ ਦੁਭਾਸ਼ੀਆ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰਬੰਧਕੀ ਨੀਤੀ ਦੀ ਰੂਪਰੇਖਾ ਦਿੰਦਾ ਹੈ।

III. ਪਾਲਿਸੀ

A. ਸਿਖਲਾਈ ਪ੍ਰਾਪਤ ਮੈਡੀਕਲ ਦੁਭਾਸ਼ੀਏ ਵਿਅਕਤੀਗਤ ਤੌਰ 'ਤੇ, ਟੈਲੀਫੋਨ ਅਤੇ/ਜਾਂ ਵੀਡੀਓ ਰਾਹੀਂ ਸਾਰੇ ਅੰਗਰੇਜ਼ੀ ਵਿੱਚ ਸੀਮਤ ਨਿਪੁੰਨਤਾ (Limited English Proficient ਜਾਂ LEP) ਅਤੇ ਸੁਣਨ ਦੀ ਕਮਜ਼ੋਰੀ/ਸੁਣ ਨਾ ਸਕਣ ਵਾਲੇ ਮਰੀਜ਼ਾਂ ਲਈ ਮਰੀਜ਼ ਅਤੇ ਪ੍ਰਦਾਤਾ ਵਿਚਕਾਰ ਦੇਖਭਾਲ ਨੂੰ ਸੌਖਾ ਬਣਾਉਣ ਲਈ ਉਪਲਬਧ ਹਨ, ਜਿਸ ਵਿੱਚ ਪ੍ਰਕਿਰਿਆਵਾਂ ਤੋਂ ਬਾਅਦ ਘਰ ਵਿੱਚ ਮਰੀਜ਼ਾਂ ਨਾਲ ਫਾਲੋ-ਅੱਪ ਵੀ ਸ਼ਾਮਲ ਹੈ।

B. ਮੌਜੂਦਾ ਵਿਧਾਨਕ ਅਤੇ ਰੈਗੂਲੇਟਰੀ ਲੋੜਾਂ ਦੇ ਅਨੁਸਾਰ, ਡਾਕਟਰੀ ਦੇਖਭਾਲ ਮੰਗਣ ਅਤੇ ਪ੍ਰਾਪਤ ਕਰਨ ਵਾਲੇ UC Davis Health ਮਰੀਜ਼ਾਂ ਕੋਲ ਯੋਗ ਮੈਡੀਕਲ ਦੁਭਾਸ਼ੀਏ ਤੱਕ ਪਹੁੰਚ ਹੋਵੇਗੀ ਅਤੇ ਉਹਨਾਂ ਨੂੰ ਦੁਭਾਸ਼ੀਆ ਲਿਆਉਣ ਜਾਂ ਮੁਹੱਈਆ ਕਰਨ ਦੀ ਲੋੜ ਨਹੀਂ ਹੈ। ਮਰੀਜ਼ ਦੀ ਤਰਜੀਹੀ ਭਾਸ਼ਾ ਇਲੈਕਟ੍ਰਾਨਿਕ ਮੈਡੀਕਲ ਰਿਕਾਰਡ (EMR) ਵਿੱਚ ਸੂਚੀਬੱਧ ਕੀਤੀ ਜਾਵੇਗੀ।

C. LEP ਮਰੀਜ਼ਾਂ ਅਤੇ ਸੁਣਨ ਦੀ ਕਮਜ਼ੋਰੀ/ਸੁਣ ਨਾ ਸਕਣ ਵਾਲੇ ਮਰੀਜ਼ਾਂ ਨੂੰ ਸੁਚੇਤ ਕਰਦੇ ਹੋਏ ਕਈ ਭਾਸ਼ਾਵਾਂ ਵਿੱਚ ਸੰਕੇਤ ਕਿ ਡਾਕਟਰੀ ਦੁਭਾਸ਼ੀਆ ਸੇਵਾਵਾਂ ਉਹਨਾਂ ਨੂੰ "ਬਿਨਾਂ ਕਿਸੇ ਕੀਮਤ" ਦੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਹਸਪਤਾਲ ਦੇ ਬਾਹਰੀ ਮਰੀਜ਼ਾਂ ਦੇ ਕਲੀਨਿਕਾਂ ਅਤੇ ਐਂਬੂਲਟਰੀ ਸੈਟਿੰਗਾਂ ਵਿੱਚ ਪੋਸਟ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਸੰਕੇਤ 'ਤੇ ਫੋਨ ਨੰਬਰ ਸਮੇਤ ਇਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਕਿ ਸ਼ਿਕਾਇਤ ਕਿੱਥੇ ਦਰਜ ਕਰਨੀ ਹੈ।

D. ਮੈਡੀਕਲ ਦੁਭਾਸ਼ੀਏ ਨੂੰ ਡਾਕਟਰੀ ਸ਼ਬਦਾਵਲੀ, ਗੱਲ ਨੂੰ ਸਮਝਣ, ਯਾਦ ਰੱਖਣ, ਅਤੇ ਨੋਟ ਲਿਖਣ ਵਿੱਚ ਸਿਖਲਾਈ ਮਿਲੀ ਹੁੰਦੀ ਹੈ। ਉਹਨਾਂ ਨੂੰ ਸਿਹਤ ਬੀਮਾ ਪੋਰਟੇਬਿਲਟੀ ਅਤੇ ਜਵਾਬਦੇਹੀ ਅਧਿਨਿਯਮ (Health Insurance Portability and Accountability Act ਜਾਂ HIPAA) ਦੇ ਅਨੁਸਾਰ ਮਰੀਜ਼ ਦੀ ਗੁਪਤਤਾ ਦਾ ਆਦਰ ਕਰਨ, ਉਹਨਾਂ ਦੀ ਆਪਣੀ ਨਿਰਪੱਖ ਭੂਮਿਕਾ ਅਤੇ ਕੰਮ ਦੀ ਨੈਤਿਕਤਾ ਦਾ ਸਨਮਾਨ ਕਰਨ, ਅਤੇ ਮਰੀਜ਼/ਪ੍ਰਦਾਤਾ ਸੰਬੰਧਾਂ ਦੀ ਅਖੰਡਤਾ ਨੂੰ ਬਣਾਈ ਰੱਖਣ ਲਈ ਸਿਖਲਾਈ ਦਿੱਤੀ ਜਾਂਦੀ ਹੈ। ਇਸ ਲਈ, ਪਰਿਵਾਰਕ ਮੈਂਬਰਾਂ ਅਤੇ ਗੈਰ-ਸਿਖਿਅਤ ਦੋਭਾਸ਼ੀ ਸਟਾਫ਼ ਨੂੰ ਮੈਡੀਕਲ ਦੁਭਾਸ਼ੀਏ ਵਜੋਂ ਵਰਤਣ ਨੂੰ ਸਖ਼ਤੀ ਨਾਲ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ।

E. ਕੁਝ ਮਰੀਜ਼ ਆਪਣੇ ਦੁਭਾਸ਼ੀਏ ਲਿਆਉਣ ਜਾਂ ਪ੍ਰਦਾਨ ਕਰਨ ਨੂੰ ਤਰਜੀਹ ਦੇ ਸਕਦੇ ਹਨ ਜਿਵੇਂ ਕਿ ਪਰਿਵਾਰ ਦਾ ਮੈਂਬਰ ਜਾਂ ਦੋਸਤ। ਅਜਿਹੇ ਮਾਮਲਿਆਂ ਵਿੱਚ, UC Davis Health ਮਰੀਜ਼ਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਵੇਗੀ ਜਦੋਂ ਤੱਕ ਇਹ ਮਰੀਜ਼ਾਂ ਦੀ ਦੇਖਭਾਲ ਸੇਵਾਵਾਂ ਦੀ ਗੁਣਵੱਤਾ ਨਾਲ ਸਮਝੌਤਾ ਨਹੀਂ ਕਰਦਾ। UC Davis Health ਮਰੀਜ਼ ਦੀ ਬੇਨਤੀ 'ਤੇ ਗੈਰ-UC Davis Health ਦੁਭਾਸ਼ੀਏ ਦੁਆਰਾ ਮੁਹੱਈਆ ਕੀਤੀਆਂ ਜਾਣ ਵਾਲੀਆਂ ਦੁਭਾਸ਼ੀਆ ਸੇਵਾਵਾਂ ਲਈ ਭਰਪਾਈ ਨਹੀਂ ਕਰਦਾ ਹੈ। ਸਟਾਫ਼ ਜਾਂ ਵਿਕ੍ਰੇਤਾ ਦੁਭਾਸ਼ੀਏ ਸੇਵਾਵਾਂ ਲਈ ਇਨਕਾਰ ਨੂੰ EMR ਵਿੱਚ ਦਰਜ ਕੀਤਾ ਜਾਵੇਗਾ।

F. ਨਾਬਾਲਗ (18 ਸਾਲ ਤੋਂ ਘੱਟ ਉਮਰ ਦੇ ਵਿਅਕਤੀ) ਨੂੰ ਦੁਭਾਸ਼ੀਏ ਵਜੋਂ ਕੰਮ ਨਹੀਂ ਕਰਨਾ ਚਾਹੀਦਾ।

G. ਮਰੀਜ਼ ਦੀਆਂ ਮੁਲਾਕਾਤਾਂ ਨਿਰਧਾਰਤ ਕਰਨ ਵੇਲੇ, EPIC ਵਿੱਚ ਜਨ-ਅੰਕੜਾ ਸਕ੍ਰੀਨ 'ਤੇ ਭਾਸ਼ਾ ਦੀ ਜਾਣਕਾਰੀ ਦਰਜ ਕੀਤੀ ਜਾਵੇਗੀ।

H. ਸਟਾਫ਼ ਮੈਡੀਕਲ ਦੁਭਾਸ਼ੀਏ EPIC ਵਿੱਚ ਗਾਹਕ ਸਬੰਧ ਪ੍ਰਬੰਧਨ (Customer Relationship Management) ਮਾਡਿਊਲ ਰਾਹੀਂ ਸਾਈਟ 'ਤੇ, ਵੀਡੀਓ, ਅਤੇ ਟੈਲੀਫੋਨ ਦੁਭਾਸ਼ੀਆ ਸੈਸ਼ਨਾਂ ਬਾਰੇ ਵੇਰਵੇ ਸਹਿਤ ਜਾਣਕਾਰੀ ਦਰਜ ਕਰਦੇ ਹਨ। ਬੇਨਤੀਕਰਤਾ ਹਰੇਕ ਦੁਭਾਸ਼ੀਏ ਸੈਸ਼ਨ ਦੇ ਸ਼ੁਰੂ ਵਿੱਚ ਸਟਾਫ਼ ਦੁਭਾਸ਼ੀਏ ਨੂੰ ਹੇਠ ਲਿਖੀ ਜਾਣਕਾਰੀ ਪ੍ਰਦਾਨ ਕਰਦੇ ਹਨ: ਮਰੀਜ਼ ਮੈਡੀਕਲ ਰਿਕਾਰਡ ਨੰਬਰ (MRN), ਪ੍ਰਦਾਤਾ/ਬੇਨਤੀ ਕਰਨ ਵਾਲੇ ਦਾ ਨਾਮ, ਸਥਾਨ (ਕਲੀਨਿਕ/ਮੰਜ਼ਿਲ), ਅਤੇ ਸੰਪਰਕ ਨੰਬਰ।

IV. ਪ੍ਰਕਿਰਿਆ/ਜ਼ਿੰਮੇਵਾਰੀ

A. ਮੈਡੀਕਲ ਦੁਭਾਸ਼ੀਏ ਲਈ ਬੇਨਤੀਆਂ

1. ਸਟਾਫ਼ EPIC ਵਿੱਚ ਮੈਡੀਕਲ ਇੰਟਰਪ੍ਰੇਟਿੰਗ ਬੇਨਤੀਆਂ ਮਾਡਿਊਲ ਤੱਕ ਪਹੁੰਚ ਕਰਕੇ ਜਾਂ ਮੈਡੀਕਲ ਇੰਟਰਪ੍ਰੇਟਿੰਗ ਸਰਵਿਸਿਜ਼ (MIS) ਵਿਭਾਗ ਨੂੰ ਕਾੱਲ ਕਰਕੇ ਦੁਭਾਸ਼ੀਏ ਦੀ ਬੇਨਤੀ ਕਰ ਸਕਦਾ ਹੈ। ਰੁਟੀਨ ਦਫ਼ਤਰੀ ਸਮਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ ਹੁੰਦਾ ਹੈ।
2. ਰੁਟੀਨ ਦਫ਼ਤਰੀ ਸਮੇਂ ਦੌਰਾਨ, ਸਟਾਫ਼ ਮੈਡੀਕਲ ਦੁਭਾਸ਼ੀਏ ਆਮ ਤੌਰ 'ਤੇ ਬੇਨਤੀ ਕੀਤੀਆਂ ਜਾਂਦੀਆਂ ਭਾਸ਼ਾਵਾਂ ਲਈ ਕੈਂਪਸ ਵਿੱਚ ਹੁੰਦੇ ਹਨ ਜਿਵੇਂ ਕਿ: ਅਮਰੀਕੀ ਸਾਈਨ ਲੈਂਗੁਵੇਜ਼, ਅਰਬੀ, ਕੰਬੋਡੀਅਨ, ਕੈਂਟੋਨੀਜ਼, ਦਾਰੀ, ਫਾਰਸੀ, ਹਿੰਦੀ, ਹਮੋਂਗ, ਕੋਰੀਆਈ, ਮੈਂਡਰਿਨ, ਮੀਅਨ, ਪਸ਼ਤੋ, ਪੰਜਾਬੀ, ਰੂਸੀ, ਸਪੈਨਿਸ਼, ਯੂਕਰੇਨੀ, ਉਰਦੂ ਅਤੇ ਵਿਅਤਨਾਮੀ। ਇੱਕ ਸਪੈਨਿਸ਼ ਦੁਭਾਸ਼ੀਆ ਮੁੱਖ ਹਸਪਤਾਲ ਵਿੱਚ ਉਪਲਬਧ ਹੈ ਅਤੇ Vocera ਲਾਈਨ ਨੂੰ ਕਾੱਲ ਕਰਕੇ ਅਤੇ "ਸਪੈਨਿਸ਼ ਦੁਭਾਸ਼ੀਆ" ਦੀ ਮੰਗ ਕਰਕੇ ਉਸ ਤੱਕ ਪਹੁੰਚਿਆ ਜਾ ਸਕਦਾ ਹੈ।
3. ਸਪੈਨਿਸ਼ ਦੁਭਾਸ਼ੀਏ Vocera ਅਤੇ ਪੇਜਰ 'ਤੇ ਹੇਠਾਂ ਦਿੱਤੇ ਅਨੁਸਾਰ ਉਪਲਬਧ ਹਨ:
   a. ਸੋਮਵਾਰ-ਸ਼ੁੱਕਰਵਾਰ ਸਵੇਰੇ 6:30 ਵਜੇ ਤੋਂ ਸ਼ਾਮ 7:00 ਵਜੇ ਤੱਕ Vocera 'ਤੇ "ਸਪੈਨਿਸ਼ ਦੁਭਾਸ਼ੀਏ" ਵਜੋਂ ਅਤੇ ਸ਼ਾਮ 7:00 ਤੋਂ ਰਾਤ 10:00 ਵਜੇ ਤੱਕ ਔਨ-ਕਾੱਲ ਸ਼ਿਫਟ ਦੌਰਾਨ ਪੇਜਰ ਰਾਹੀਂ।
   b. ਵੀਕਐਂਡ ਅਤੇ ਛੁੱਟੀਆਂ ਸਵੇਰੇ 8:00 ਵਜੇ ਤੋਂ ਸ਼ਾਮ 7:00 ਵਜੇ ਤੱਕ Vocera 'ਤੇ "ਸਪੈਨਿਸ਼ ਦੁਭਾਸ਼ੀਏ" ਵਜੋਂ ਅਤੇ ਸ਼ਾਮ 7:00 ਤੋਂ ਰਾਤ 10:00 ਵਜੇ ਤੱਕ ਔਨ-ਕਾੱਲ ਸ਼ਿਫਟ ਦੌਰਾਨ ਪੇਜਰ ਰਾਹੀਂ।
4. ਕੰਮਕਾਜੀ ਸਮੇਂ ਤੋਂ ਬਾਅਦ ਹੋਰ ਭਾਸ਼ਾਵਾਂ ਦਾ ਪ੍ਰਬੰਧ ਔਨ-ਕਾੱਲ ਸ਼ਡਿਊਲ ਵਿੱਚ ਔਨ-ਕਾੱਲ ਦੁਭਾਸ਼ੀਏ ਦੀ ਜਾਣਕਾਰੀ ਨੂੰ ਦੇਖ ਕੇ ਜਾਂ ਮੈਡੀਕਲ ਇੰਟਰਪ੍ਰੇਟਿੰਗ ਸਰਵਿਸਿਜ਼ ਮੇਨ ਲਾਈਨ 'ਤੇ ਕਾੱਲ ਕਰਕੇ ਕੀਤਾ ਜਾ ਸਕਦਾ ਹੈ। ਹਸਪਤਾਲ ਆਪਰੇਟਰ ਪਹਿਲਾਂ ਔਨ-ਕਾੱਲ ਸਟਾਫ਼ ਦੁਭਾਸ਼ੀਏ ਨਾਲ ਸੰਪਰਕ ਕਰੇਗਾ। ਵਿਕ੍ਰੇਤਾ ਟੈਲੀਫੋਨ ਸੇਵਾ 24/7 ਉਪਲਬਧ ਹੁੰਦੀ ਹੈ ਜਦੋਂ ਕੋਈ ਸਟਾਫ਼ ਦੁਭਾਸ਼ੀਏ ਉਪਲਬਧ ਨਹੀਂ ਹੁੰਦੇ ਹਨ।
5. ਸਟਾਫ਼ ਅਤੇ ਵਿਕ੍ਰੇਤਾ ਮੈਡੀਕਲ ਦੁਭਾਸ਼ੀਏ Martti ਵੀਡੀਓ ਕਾਨਫਰੰਸਿੰਗ ਐਪਲੀਕੇਸ਼ਨ ਦੁਆਰਾ 200 ਤੋਂ ਵੱਧ ਭਾਸ਼ਾਵਾਂ ਵਿੱਚ 24/7 ਉਪਲਬਧ ਹੁੰਦੇ ਹਨ। Martti ਐਪਲੀਕੇਸ਼ਨ ਸਟੈਂਡ-ਅਲੋਨ iPads ਔਨ ਵ੍ਹੀਲਜ਼ ਅਤੇ/ਜਾਂ UC Davis Health ਦੁਆਰਾ ਜਾਰੀ ਕੀਤੇ iPads ਤੋਂ ਪਹੁੰਚਯੋਗ ਹੈ। Martti ਐਪਲੀਕੇਸ਼ਨ ਦੀ ਵਰਤੋਂ ਕਰਦੇ ਸਮੇਂ ਪ੍ਰਦਾਤਾਵਾਂ/ਸਟਾਫ਼ ਨੂੰ EPIC ਵਿੱਚ ਬੇਨਤੀਆਂ ਕਰਨ ਦੀ ਲੋੜ ਨਹੀਂ ਹੈ।

B. ਡਾਕਟਰ, ਨਰਸਾਂ, ਅਤੇ ਹਸਪਤਾਲ ਦਾ ਹੋਰ ਸਟਾਫ਼

1. ਜਦੋਂ ਦੁਭਾਸ਼ੀਏ ਦੀ ਲੋੜ ਦੀ ਪਛਾਣ ਕੀਤੀ ਜਾਂਦੀ ਹੈ, ਤਾਂ UC Davis Health ਸਟਾਫ਼ ਨੂੰ ਸੇਵਾ ਦਾ ਢੁਕਵਾਂ ਢੰਗ ਨਿਰਧਾਰਤ ਕਰਨਾ ਚਾਹੀਦਾ ਹੈ: ਸਾਈਟ 'ਤੇ, Zoom, ਅਤੇ MyChart ਬੇਨਤੀਆਂ ਲਈ, ਕਿਰਪਾ ਕਰਕੇ EPIC ਮੈਡੀਕਲ ਇੰਟਰਪ੍ਰੇਟਿੰਗ ਮਾਡਿਊਲ ਦੀ ਵਰਤੋਂ ਕਰੋ; ਕਿਸੇ ਫੋਨ 'ਤੇ ਦੁਭਾਸ਼ੀਏ ਨਾਲ ਜੁੜਨ ਲਈ, ਕਿਰਪਾ ਕਰਕੇ ਮੈਡੀਕਲ ਇੰਟਰਪ੍ਰੇਟਿੰਗ ਸਰਵਿਸਿਜ਼ ਮੇਨ ਲਾਈਨ ਨੂੰ ਕਾੱਲ ਕਰੋ; ਵੀਡੀਓ ਬੇਨਤੀਆਂ ਲਈ, Martti ਵੀਡੀਓ ਕਾਨਫਰੰਸਿੰਗ ਐਪਲੀਕੇਸ਼ਨ ਦੀ ਵਰਤੋਂ ਕਰੋ। EPIC ਮੈਡੀਕਲ ਇੰਟਰਪ੍ਰੇਟਿੰਗ ਮਾਡਿਊਲ ਸਿਰਫ ਅੰਦਰੂਨੀ ਭਾਸ਼ਾਵਾਂ ਤੱਕ ਹੀ ਸੀਮਿਤ ਹੈ। ਹੋਰ ਸਾਰੀਆਂ ਭਾਸ਼ਾਵਾਂ ਲਈ, ਕਿਰਪਾ ਕਰਕੇ MIS ਡਿਸਪੈਚ ਨੂੰ ਕਾੱਲ ਕਰੋ ਜਾਂ Martti ਵੀਡੀਓ

ਕਾਨਫਰੰਸਿੰਗ ਐਪਲੀਕੇਸ਼ਨ ਦੀ ਵਰਤੋਂ ਕਰੋ। ਸੇਵਾ ਦੇ ਢੁਕਵੇਂ ਢੰਗ ਨੂੰ ਨਿਰਧਾਰਤ ਕਰਨ ਵਿੱਚ ਸਹਾਇਤਾ ਲਈ ਕਿਰਪਾ ਕਰਕੇ ਅਟੈਚਮੈਂਟ 1 "UC Davis Health ਭਾਸ਼ਾ ਸੇਵਾ ਦਾ ਪੱਧਰ ਪਤਾ ਕਰਨ ਦਾ ਮਾਪਦੰਡ (UC Davis Health Language Services Triage Criteria)" ਦੇਖੋ।

2. ਜੇ ਕਿਸੇ ਮਰੀਜ਼ ਦੀ ਨਜ਼ਰ ਸੰਬੰਧੀ, ਬੋਲ ਸੰਬੰਧੀ, ਬੋਧਾਤਮਕ ਜਾਂ ਹੋਰ ਕਮਜ਼ੋਰੀ ਹੈ, ਤਾਂ ਹਸਪਤਾਲ ਮਰੀਜ਼ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਤਰੀਕੇ ਨਾਲ ਅਨੁਕੂਲਤਾਵਾਂ ਪ੍ਰਦਾਨ ਕਰੇਗਾ। ਜੇਕਰ ਅਨੁਕੂਲਤਾਵਾਂ ਦੀ ਲੋੜ ਹੈ ਤਾਂ ਯੂਨਿਟ ਨਰਸ ਮੈਨੇਜਰ ਜਾਂ ਹਸਪਤਾਲ ਦੇ ਨਰਸਿੰਗ ਸੁਪਰਵਾਈਜ਼ਰ ਨਾਲ ਸਲਾਹ ਕਰੋ।
3. ਮਰੀਜ਼ ਦੇ EMR ਦੇ ਪ੍ਰਗਤੀ ਨੋਟਾਂ ਵਿੱਚ ਦੁਭਾਸ਼ੀਏ ਦੇ ਨਾਮ ਦਾ ਪਹਿਲਾ ਅਤੇ ਆਖਰੀ ਹਿੱਸਾ ਅਤੇ/ਜਾਂ ਸਟਾਫ਼ ਦੁਭਾਸ਼ੀਆ ਪਛਾਣ (ID) ਨੰਬਰ ਸਮੇਤ UC Davis Health ਮੈਡੀਕਲ ਦੁਭਾਸ਼ੀਏ ਦੀ ਵਰਤੋਂ ਨੂੰ ਦਰਜ ਕਰੋ। ਜੇਕਰ ਕਿਸੇ ਵਿਕ੍ਰੇਤਾ ਦੁਭਾਸ਼ੀਏ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਮਰੀਜ਼ ਦੇ EMR ਦੀਆਂ ਪ੍ਰਗਤੀ ਟਿੱਪਣੀਆਂ ਵਿੱਚ ਵਿਕ੍ਰੇਤਾ ਦੁਭਾਸ਼ੀਏ ਦੀ ਪਛਾਣ (ਆਈਡੀ) ਨੰਬਰ ਦਰਜ ਕਰੋ।
4. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਲਈ ਸਹਿਮਤੀ ਪ੍ਰਾਪਤ ਕਰਨ ਵੇਲੇ UC Davis Health ਸਟਾਫ਼ ਮੈਡੀਕਲ ਜਾਂ ਵਿਕ੍ਰੇਤਾ ਦੁਭਾਸ਼ੀਏ ਦੀ ਵਰਤੋਂ ਕਰਦੇ ਸਮੇਂ ਮਰੀਜ਼ ਦੇ EMR ਵਿੱਚ ਦਰਜ ਕਰੋ: ਆਪਰੇਸ਼ਨ, ਪ੍ਰਕਿਰਿਆਵਾਂ, ਖ਼ੂਨ ਚੜ੍ਹਾਉਣ ਅਤੇ ਐਨਸਥੇਟਿਕਸ ਦੇਣ ਲਈ ਸਹਿਮਤੀ ਦਾ ਫਾਰਮ।
5. ਜਦੋਂ ਕੋਈ ਮਰੀਜ਼ UC Davis Health ਮੈਡੀਕਲ ਦੁਭਾਸ਼ੀਏ ਦੀ ਵਰਤੋਂ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਮਰੀਜ਼ ਦੇ EMR ਵਿੱਚ ਦਰਜ ਕਰੋ, ਇਨਕਾਰ ਕਰਨ ਦਾ ਕਾਰਨ, ਕੋਈ ਵੀ ਵਾਧੂ ਵਿਕਲਪ ਜੋ ਮਰੀਜ਼ ਨੂੰ ਮੁਹੱਈਆ ਕੀਤੇ ਗਏ ਸਨ (ਜੇ ਲਾਗੂ ਹੋਣ) ਅਤੇ ਇਹ ਦੱਸੋ ਕਿ ਕਿਸ ਨੇ ਵਿਆਖਿਆ ਕੀਤੀ ਹੈ।

C. ਲਿਖਤੀ ਅਨੁਵਾਦ
1. ਮਰੀਜ਼ਾਂ ਦੀ ਦੇਖਭਾਲ ਨਾਲ ਸੰਬੰਧਿਤ ਮਹੱਤਵਪੂਰਨ ਅਤੇ ਗੈਰ-ਜ਼ਰੂਰੀ ਦਸਤਾਵੇਜ਼ਾਂ ਦਾ ਅਨੁਵਾਦ ਕਰਨ ਵਿੱਚ ਸਮਰਥਨ ਅਤੇ ਸਹੂਲਤ ਦੇਣ ਲਈ ਅਨੁਵਾਦ ਸੇਵਾਵਾਂ ਉਪਲਬਧ ਹਨ।
2. ਅਨੁਵਾਦ ਸੇਵਾਵਾਂ ਦੀ ਇਕਾਈ (ਟ੍ਰਾਂਸਲੇਸ਼ਨ ਸਰਵਿਸਿਜ਼ ਯੂਨਿਟ) ਹੇਠਾਂ ਦਿੱਤਿਆਂ ਵਿੱਚ ਸਮਰਥਨ ਦੇਣ ਅਤੇ ਸਹਾਇਤਾ ਕਰਨ ਲਈ ਦੂਜੇ UC Davis Health ਵਿਭਾਗਾਂ ਦੇ ਨਾਲ ਮਿਲ ਕੇ ਕੰਮ ਕਰਦਾ ਹੈ:
   a. ਅਨੁਵਾਦ ਦੀਆਂ ਲੋੜਾਂ ਦੀ ਸਮੀਖਿਆ ਕਰਨੀ;
   b. ਅਨੁਵਾਦਯੋਗਤਾ, ਸਾਖਰਤਾ ਸੰਬੰਧੀ ਵਿਚਾਰਾਂ, ਅਤੇ ਸੱਭਿਆਚਾਰਕ ਢੁਕਵੇਂਪਣ ਲਈ ਮੌਜੂਦਾ ਦਸਤਾਵੇਜ਼ਾਂ ਦੀ ਸਮੀਖਿਆ ਕਰਨਾ;
   c. ਲਾਗਤ ਪ੍ਰਭਾਵੀ ਅਨੁਵਾਦ ਲਈ ਬਜਟ ਅਤੇ ਯੋਜਨਾਬੰਦੀ;
   d. ਮੌਜੂਦਾ ਦਸਤਾਵੇਜ਼ਾਂ ਨੂੰ ਅਨੁਵਾਦ ਲਈ ਅਨੁਕੂਲ ਬਣਾਉਣਾ;
   e. ਲਕਸ਼ਿਤ ਦਰਸ਼ਕਾਂ ਲਈ ਢੁਕਵੇਂ ਦਸਤਾਵੇਜ਼ ਬਣਾਉਣਾ;
3. ਲਿਖਤੀ ਅਨੁਵਾਦ ਸੇਵਾਵਾਂ ਲਈ ਲਿਖਤੀ ਅਨੁਵਾਦ ਯੂਨਿਟ ਕੋਆਰਡੀਨੇਟਰ ਨੂੰ ਕਾੱਲ ਕਰਨਾ।

D. ਦੋਭਾਸ਼ੀ ਪ੍ਰਦਾਤਾ ਪ੍ਰਮਾਣੀਕਰਣ ਪ੍ਰੋਗਰਾਮ

ਪ੍ਰੋਗਰਾਮ ਦਾ ਟੀਚਾ UC Davis Health ਦੇ ਮੈਡੀਕਲ ਕਰਮਚਾਰੀਆਂ ਨੂੰ ਗੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਭਾਸ਼ਾ ਦੀ ਮੁਹਾਰਤ ਦੇ ਮੌਖਿਕ ਮੁਲਾਂਕਣ ਦੀ ਪੇਸ਼ਕਸ਼ ਕਰਨਾ ਹੈ। ਜੋਇੰਟ ਕਮਿਸ਼ਨ ਦੁਆਰਾ ਡਾਕਟਰੀ ਕਰਮਚਾਰੀਆਂ ਅਤੇ ਮਰੀਜ਼ਾਂ ਵਿਚਕਾਰ ਮਰੀਜ਼ ਦੀ ਤਰਜੀਹੀ ਭਾਸ਼ਾ ਵਿੱਚ ਪ੍ਰਭਾਵੀ ਸੰਚਾਰ ਨੂੰ ਮਾਪਣ ਦੇ ਇੱਕ ਢੰਗ ਵਜੋਂ ਇਸ ਪ੍ਰੋਗਰਾਮ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਪ੍ਰੋਗਰਾਮ ਡਾਕਟਰਾਂ, ਨਰਸ ਪ੍ਰੈਕਟੀਸ਼ਨਰਾਂ, ਡਾਕਟਰ ਦੇ ਸਹਾਇਕਾਂ, ਅਤੇ ਕਲੀਨਿਕਲ ਫਾਰਮਾਸਿਸਟਾਂ ਨੂੰ ਪੇਸ਼ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਫੋਨ 'ਤੇ ਮੌਖਿਕ ਮੁਲਾਂਕਣ ਕਰਨਾ ਸ਼ਾਮਲ ਹੁੰਦਾ ਹੈ। ਪ੍ਰੋਗਰਾਮ 24 ਭਾਸ਼ਾਵਾਂ ਤੱਕ ਸੀਮਿਤ ਹੈ, ਅਤੇ ਮੁਲਾਂਕਣ ਦੀ ਲਾਗਤ ਪ੍ਰਦਾਤਾ ਦੇ ਵਿਭਾਗ/ਕੀਮਤ ਕੇਂਦਰ ਤੋਂ ਰੀਚਾਰਜ ਕੀਤੀ ਜਾਵੇਗੀ। ਇੱਕ ਵਾਰ ਪ੍ਰਮਾਣੀਕਰਣ ਪ੍ਰਾਪਤ ਹੋਣ ਤੋਂ ਬਾਅਦ, ਡਾਕਟਰੀ ਕਰਮਚਾਰੀ ਆਪਣੇ ਕੰਮ ਦੇ ਦੌਰਾਨ ਗੈਰ-ਅੰਗਰੇਜ਼ੀ ਭਾਸ਼ਾਵਾਂ ਵਿੱਚ ਮਰੀਜ਼ਾਂ ਨੂੰ ਦੇਖਭਾਲ ਪ੍ਰਦਾਨ ਕਰ ਸਕਦੇ ਹਨ। ਦੋਭਾਸ਼ੀ ਪ੍ਰਦਾਤਾ ਪ੍ਰਮਾਣੀਕਰਣ ਮੁਲਾਂਕਣ ਪਾਸ ਕਰਨ ਵਾਲੇ ਮੈਡੀਕਲ ਕਰਮਚਾਰੀਆਂ ਨੂੰ ਇੱਕ ਸਰਟੀਫਿਕੇਟ ਅਤੇ ਇੱਕ ਬੈਜ ਸਟਿੱਕਰ ਜਾਰੀ ਕੀਤਾ ਜਾਵੇਗਾ। ਪ੍ਰਮਾਣੀਕਰਨ ਮੈਡੀਕਲ

ਕਰਮਚਾਰੀਆਂ ਨੂੰ ਮਰੀਜ਼ਾਂ ਲਈ ਦੁਭਾਸ਼ੀਆ ਸੇਵਾ ਪ੍ਰਦਾਨ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਹੈ। ਮੈਡੀਕਲ ਕਰਮਚਾਰੀ ਮੈਡੀਕਲ ਇੰਟਰਪ੍ਰੇਟਿੰਗ ਸਰਵਿਸਿਜ਼ ਮੇਨ ਲਾਈਨ ਨੂੰ ਈਮੇਲ ਜਾਂ ਕਾੱਲ ਕਰਕੇ ਮੁਲਾਂਕਣ ਲਈ ਬੇਨਤੀ ਕਰ ਸਕਦੇ ਹਨ

E. ਹਿਊਮਨ ਰਿਸੋਰਸਿਜ਼ (ਮਨੁੱਖੀ ਸੰਸਾਧਨ)
LEP ਅਤੇ ਸੁਣਨ ਦੀ ਕਮਜ਼ੋਰੀ/ਸੁਣ ਨਾ ਸਕਣ ਵਾਲੇ ਮਰੀਜ਼ਾਂ ਨਾਲ ਸੰਚਾਰ ਲਈ ਮੈਡੀਕਲ ਦੁਭਾਸ਼ੀਏ ਸੇਵਾਵਾਂ ਦੀ ਵਿਵਸਥਾ ਅਤੇ ਵਰਤੋਂ 'ਤੇ ਨੀਤੀਆਂ ਨੂੰ UC Davis Health ਦੇ "ਨਵੇਂ ਕਰਮਚਾਰੀ ਦੀ ਜਾਣ-ਪਛਾਣ" ਅਤੇ "ਲਾਜ਼ਮੀ ਸਾਲਾਨਾ ਸਿਖਲਾਈ" ਪ੍ਰੋਗਰਾਮਾਂ ਦੇ ਹਿੱਸੇ ਵਜੋਂ ਸ਼ਾਮਲ ਕੀਤਾ ਗਿਆ ਹੈ।

F. ਹੈਲਥ ਐਂਡ ਸੇਫਟੀ ਕੋਡ ਸੈਕਸ਼ਨ 1259 (c) (2) ਦੇ ਅਨੁਸਾਰ, ਇਹ ਨੀਤੀ ਭਾਸ਼ਾ ਜਾਂ ਸੰਚਾਰ ਸੰਬੰਧੀ ਰੁਕਾਵਟਾਂ ਵਾਲੇ ਮਰੀਜ਼ਾਂ ਨੂੰ ਭਾਸ਼ਾ ਸੇਵਾਵਾਂ ਪ੍ਰਦਾਨ ਕਰਨ ਦੀ ਰੂਪਰੇਖਾ ਦਿੰਦੀ ਹੈ। MIS ਇਸ ਨੀਤੀ ਦੀ ਇੱਕ ਕਾਪੀ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਪਬਲਿਕ ਹੈਲਥ (CDPH) ਕੋਲ ਜਮ੍ਹਾ ਕਰੇਗਾ ਅਤੇ ਭਾਸ਼ਾ ਜਾਂ ਸੰਚਾਰ ਸੰਬੰਧੀ ਰੁਕਾਵਟਾਂ ਵਾਲੇ ਮਰੀਜ਼ਾਂ ਅਤੇ UC Davis Health ਦੇ ਸਟਾਫ਼ ਵਿਚਕਾਰ ਢੁਕਵੇਂ ਅਤੇ ਤੇਜ਼ ਸੰਚਾਰ ਨੂੰ ਯਕੀਨੀ ਬਣਾਉਣ ਲਈ ਸਾਲਾਨਾ ਆਧਾਰ 'ਤੇ MIS ਯਤਨਾਂ ਦੇ ਸਾਰ ਦੀ ਰਿਪੋਰਟ ਦਿੱਤੀ ਜਾਵੇਗੀ। CDPH ਰਿਪੋਰਟ ਦੀ ਸਪੁਰਦਗੀ ਹਰ ਸਾਲ ਸਾਲਾਨਾ ਆਧਾਰ 'ਤੇ ਕੀਤੀ ਜਾਵੇਗੀ। ਮੌਜੂਦਾ ਵਿਧਾਨਕ ਅਤੇ ਰੈਗੂਲੇਟਰੀ ਲੋੜਾਂ ਦੇ ਅਨੁਸਾਰ, ਮੌਜੂਦਾ ਨੀਤੀ 2881 ਆਮ ਲੋਕਾਂ ਲਈ MIS ਵੈੱਬਸਾਈਟ 'ਤੇ ਛੇ ਭਾਸ਼ਾਵਾਂ ਵਿੱਚ ਉਪਲਬਧ ਹੈ: https://health.ucdavis.edu/interpreting-services/.

# ਭਾਸ਼ਾ ਸੇਵਾ ਦਾ ਪੱਧਰ ਪਤਾ ਕਰਨ ਦਾ ਮਾਪਦੰਡ

| ਟੈਲੀਫੋਨ ਇੰਟਰਪ੍ਰੇਟਿੰਗ | ਵੀਡੀਓ 'ਤੇ ਦੁਭਾਸ਼ੀਆ ਸੇਵਾ | ਵਿਅਕਤੀਗਤ ਤੌਰ 'ਤੇ ਦੁਭਾਸ਼ੀਆ ਸੇਵਾ |
|---|---|---|
| **ਵੇਰਵਾ:**<br>ਬੁਨਿਆਦੀ ਦੁਭਾਸ਼ੀਆ ਸੇਵਾ ਮੁਹੱਈਆ ਕਰਦੀ ਹੈ। ਕਿਸੇ ਵੀ ਅਜਿਹੀ ਸਥਿਤੀ ਲਈ ਟੈਲੀਫੋਨ ਦੀ ਵਰਤੋਂ ਕਰੋ ਜਿਸ ਵਿੱਚ ਸੰਚਾਰ ਮੁਕਾਬਲਤਨ ਛੋਟਾ ਅਤੇ ਗੁੰਝਲਦਾਰ ਹੈ। | **ਵੇਰਵਾ:**<br>ਦਰਮਿਆਨੀ ਜਟਿਲਤਾ ਅਤੇ/ਜਾਂ ਸਮਾਂ ਸੰਵੇਦਨਸ਼ੀਲ ਦੁਭਾਸ਼ੀਆ ਸੇਵਾ ਪ੍ਰਦਾਨ ਕਰਦੀ ਹੈ। ਕਿਸੇ ਵੀ ਅਜਿਹੀ ਸਥਿਤੀ ਲਈ ਵਰਤੋਂ ਕਰੋ ਜਿਸ ਲਈ ਵਿਅਕਤੀਗਤ ਤੌਰ 'ਤੇ ਦੁਭਾਸ਼ੀਏ ਦੀ ਕਮੀ ਪ੍ਰਦਾਨ ਕੀਤੀ ਗਈ ਦੇਖਭਾਲ ਨਾਲ ਸਮਝੌਤਾ ਨਹੀਂ ਕਰੇਗੀ। | **ਵੇਰਵਾ:**<br>ਗੁੰਝਲਦਾਰ ਅਤੇ/ਜਾਂ ਸੰਵੇਦਨਸ਼ੀਲ ਡਾਕਟਰੀ ਵਿਆਖਿਆ ਪ੍ਰਦਾਨ ਕਰਦੀ ਹੈ। ਕਿਸੇ ਵੀ ਅਜਿਹੀ ਸਥਿਤੀ ਲਈ ਵਿਅਕਤੀਗਤ ਤੌਰ 'ਤੇ ਵਿਆਖਿਆ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਸ ਲਈ ਵਧੇਰੇ ਅੰਤਰਨਿਹਿਤ ਸੰਚਾਰ ਦੀ ਲੋੜ ਹੁੰਦੀ ਹੈ। |
| **ਉਦਾਹਰਨਾਂ:**<br>• ਰੁਟੀਨ ਵਾਪਸੀ ਮੁਲਾਕਾਤਾਂ<br>• ਸਮਾਜਿਕ ਕਾਰਜ - ਫਾਰਮ<br>• ਰਜਿਸਟ੍ਰੇਸ਼ਨ<br>• Triage<br>• ਅਪਾਇੰਟਮੈਂਟ ਨਿਰਧਾਰਤ ਕਰਨੀ<br>• ਫਾਰਮੇਸੀ ਰੀਫਿਲ<br>• ਖ਼ੂਨ ਕੱਢਣਾ/ ਲੈਬ<br>• ਫਾਰਮ ਭਰਨਾ<br>• ਰੇਡੀਓਲੋਜੀ<br>• ਮਰੀਜ਼ ਸੰਬੰਧੀ ਵਿੱਤ<br>• ਮਰੀਜ਼ ਨੂੰ ਦਾਖਲ ਕਰਨਾ | **ਉਦਾਹਰਨਾਂ:**<br>• ਪ੍ਰਕਿਰਿਆਵਾਂ<br>• ਸਰਜਰੀਆਂ<br>• ਸਹਿਮਤੀਆਂ<br>• ਵਿਸ਼ੇਸ਼ੱਗ ਨਾਲ ਮੁਲਾਕਾਤਾਂ<br>• ਪੁਨਰਵਾਸ ਥੈਰੇਪੀਆਂ<br>• ਮਰੀਜ਼ ਡਿਸਚਾਰਜ<br>• ਫਾਰਮੇਸੀ: ਦਾਖਲ ਮਰੀਜ਼ਾਂ ਨੂੰ ਪੜ੍ਹਾਉਣਾ<br>• ਸਮਾਜਿਕ ਕਾਰਜ ਮੁਲਾਂਕਣ<br>• ਨਵੇਂ ਮਰੀਜ਼<br>• ਰਾਊਂਡਿੰਗ | **ਉਦਾਹਰਨਾਂ:**<br>• ਸੁਣਨ ਦੀ ਕਮਜ਼ੋਰੀ<br>• ਮਾਨਸਿਕ ਸਿਹਤ/ਮਨੋਵਿਗਿਆਨਕ ਮੁੱਦੇ<br>• ਵਿਘਨਕਾਰੀ ਮਰੀਜ਼<br>• ਉਲਝਣ ਵਿੱਚ ਮਰੀਜ਼<br>• ਪਰਿਵਾਰਕ ਕਾਨਫਰੰਸਾਂ<br>• ਸਚੇਤ ਸ਼ਾਂਤ ਕਰਨ ਦੀਆਂ ਪ੍ਰਕਿਰਿਆਵਾਂ<br>• ਜਿਨਸੀ ਹਮਲਾ/ਸਦਮਾ<br>• ਕਲਾਸਾਂ/ਮਰੀਜ਼ ਦੀ ਸਿੱਖਿਆ<br>• ਗੁੰਝਲਦਾਰ ਅਧਿਆਪਨ ਸੈਸ਼ਨ<br>• ਜੀਵਨ ਦਾ ਅੰਤ ਚਰਚਾ |
| **ਸਰੋਤ:**<br>▪ ਦੋਹਰਾ ਹੈਂਡਸੈੱਟ ਫੋਨ ਜਾਂ ਕੋਈ ਟੈਲੀਫ਼ੋਨ – ਮੈਡੀਕਲ ਇੰਟਰਪ੍ਰੇਟਿੰਗ ਸਰਵਿਸਿਜ਼ ਡਿਸਪੈਚ 'ਤੇ ਕਾੱਲ ਕਰੋ। | **ਸਰੋਤ:**<br>▪ ਵੀਡੀਓ Martti ਸਿਸਟਮ – ਲੋੜ ਅਨੁਸਾਰ ਸਮਰਪਿਤ ਮੋਬਾਈਲ iPads ਜਾਂ UCDH iPads (ਜੇ ਸਮਰੱਥ ਕੀਤਾ ਗਿਆ ਹੈ)* 'ਤੇ ਵਰਤੋ।<br>▪ ਇੱਕ ਘੰਟਾ ਜਾਂ ਇਸ ਤੋਂ ਵੱਧ ਸਮੇਂ ਦੀਆਂ ਅਪਾਇੰਟਮੈਮਟਾਂ ਲਈ EPIC ਵਿੱਚ ਬੇਨਤੀਆਂ ਦੀ ਲੋੜ ਹੁੰਦੀ ਹੈ।<br>*ਮੌਜੂਦਾ iPads ਨੂੰ ਸਮਰੱਥ ਬਣਾਉਣ ਲਈ ਕਿਰਪਾ ਕਰਕੇ MIS ਡਿਸਪੈਚ ਨੂੰ ਕਾੱਲ ਕਰੋ। | **ਸਰੋਤ:**<br>▪ EPIC ਵਿੱਚ ਵਿਅਕਤੀਗਤ ਸੇਵਾ ਲਈ ਬੇਨਤੀਆਂ ਦਰਜ ਕਰੋ; ਟਿੱਪਣੀਆਂ ਵਿੱਚ ਵਿਅਕਤੀਗਤ ਤੌਰ 'ਤੇ ਬੇਨਤੀ ਦਾ ਕਾਰਨ ਅਤੇ ਇਹ ਦੱਸੋ ਕਿ ਦੁਭਾਸ਼ੀਏ ਦੀ ਕਿੰਨੀ ਦੇਰ ਤੱਕ ਲੋੜ ਹੈ।<br>▪ ਵੀਡੀਓ ਸੇਵਾ ਉਹਨਾਂ ਸਥਿਤੀਆਂ ਲਈ ਇੱਕ ਬੈਕ-ਅੱਪ ਹੈ ਜਦੋਂ ਇੱਕ ਵਿਅਕਤੀਗਤ ਦੁਭਾਸ਼ੀਆ ਉਪਲਬਧ ਨਹੀਂ ਹੁੰਦਾ ਹੈ।<br>▪ "ਸਪੈਨਿਸ਼ ਦੁਭਾਸ਼ੀਆ" ਲਈ ਮੰਗ ਕਰ ਕੇ Vocera 'ਤੇ ਵਿਅਕਤੀਗਤ ਤੌਰ 'ਤੇ ਸਪੈਨਿਸ਼ ਦੁਭਾਸ਼ੀਆ ਉਪਲਬਧ ਹੈ।<br>▪ ਕੰਮਕਾਜੀ ਸਮੇਂ ਦੇ ਬਾਅਦ, ਔਨ-ਕਾੱਲ ਕਾਰਜ-ਕ੍ਰਮ ਦੇਖੋ। |

ਪ੍ਰਦਾਤਾ ਨੂੰ ਮਰੀਜ਼ ਦੇ ਮੈਡੀਕਲ ਰਿਕਾਰਡ ਵਿੱਚ ਦੁਭਾਸ਼ੀਏ ਦਾ ਆਈਡੀ ਨੰਬਰ ਜਾਂ ਨਾਮ ਅਤੇ ਭਾਸ਼ਾ ਨੂੰ ਦਰਜ ਕਰਨਾ ਲਾਜ਼ਮੀ ਹੁੰਦਾ ਹੈ। ਵਾਧੂ ਜਾਣਕਾਰੀ ਲਈ ਸੰਦਰਭ ਨੀਤੀ 2881, ਮੈਡੀਕਲ ਇੰਟਰਪ੍ਰੇਟਿੰਗ ਸਰਵਿਸਿਜ਼ ਦੇਖੋ।

## ਕਿਸੇ ਵੀ ਸਵਾਲ ਲਈ, ਮੈਡੀਕਲ ਇੰਟਰਪ੍ਰੇਟਿੰਗ ਸਰਵਿਸਿਜ਼ ਡਿਸਪੈਚ ਨਾਲ ਸੰਪਰਕ ਕਰੋ।